# ਟਰਾਂਸਪੋਰਟ ਕਾਰਪੋਰੇਸ਼ਨ ਆਫ ਇੰਡੀਆ ਨੇ ਵਿੱਤੀ ਸਾਲ 23 ਦੀ ਦੂਜੀ ਤਿਮਾਹੀ ਅਤੇ ਪਹਿਲੇ ਛਮਾਹੀ ਦੇ ਨਤੀਜੇ ਐਲਾਨ ਕੀਤੇ

ਚੰਡੀਗੜ੍ਹ , 02 ਨਵੰਬਰ : ਦੇਸ ਦੀ ਪ੍ਰਮੁੱਖ ਇੰਟੀਗ੍ਰੇਡ ਸਪਲਾਈ ਚੇਨ ਐਂਡ ਲੌਜਿਸਟਿਕ ਸਾਲੂਸ਼ਨਸ ਪ੍ਰੋਵਾਈਡਰ ਟਰਾਂਸਪੋਰਟ ਕਾਰਪੋਰੇਸਨ ਆਫ ਇੰਡੀਆ ਲਿਮਿਟੇਡ ਨੇ ਵਿੱਤੀ ਸਾਲ 2023 ਦੀ ਦੂਜੀ ਤਿਮਾਹੀ ਅਤੇ ਪਹਿਲੀ ਛਿਮਾਹੀ ਦੇ ਵਿੱਤੀ ਨਤੀਜੇ ਐਲਾਨ ਕੀਤੇ ਹਨ। ਐਬਿਡਿਟਾ ਵਿੱਤੀ ਸਾਲ 2022 ਦੀ ਪਹਿਲੀ ਛਿਮਾਹੀ ਵਿੱਚ 186 ਕਰੋੜ ਰੁਪਏ ਦੇ ਮੁਕਾਬਲੇ ਤੋਂ ਵਧ ਕੇ 214 ਕਰੋੜ ਰੁਪਏ ਹੋ ਗਈ। ਐਬਿਡਿਟਾ ਮਾਰਜਿਨ 13.82 ਫੀਸਦੀ ਦੇ ਮੁਕਾਬਲੇ 12.92 ਫੀਸਦੀ ‘ਤੇ ਰਿਹਾ ਜਦਕਿ ਸੁੱਧ ਲਾਭ 117 ਕਰੋੜ ਰੁਪਏ ਦੇ ਮੁਕਾਬਲੇ 134 ਕਰੋੜ ਰੁਪਏ ਰਿਹਾ ਇਕੀਕ੍ਰਿਤ ਆਧਾਰ ‘ਤੇ ਵਿੱਤੀ ਸਾਲ 2023 ਦੀ ਪਹਿਲੀ ਛਿਮਾਹੀ ‘ਚ ਸੰਚਾਲਨ ਆਮਦਨ 1836 ਕਰੋੜ ਰੁਪਏ ਰਹੀ ਜੋ ਕਿ ਸਾਲ-ਦਰ-ਸਾਲ ਦੇ ਆਧਾਰ ‘ਤੇ 21 ਫੀਸਦੀ ਜ਼ਿਆਦਾ ਹੈ, ਐਬਿਡਿਟਾ ਮਾਰਜਿਨ 13.02 ਫੀਸਦੀ ਦੇ ਮੁਕਾਬਲੇ ‘ਚ 12.86 ਫੀਸਦੀ ਰਿਹਾ ਜਦੋਂ ਕਿ ਸੁੱਧ ਲਾਭ 124 ਕਰੋੜ ਰੁਪਏ ਦੇ ਮੁਕਾਬਲੇ 151 ਕਰੋੜ ਰੁਪਏ ਰਿਹਾ। ਨਤੀਜੇ ‘ਤੇ ਟਿੱਪਣੀ ਕਰਦਿਆਂ ਹੋਏ ਮਿ. ਵਿਨੀਤ ਅਗਰਵਾਲ, ਮੈਨੇਜਿੰਗ ਡਾਇਰੈਕਟਰ ਟੀਸੀਆਈ ਨੇ ਕਿਹਾ, “ਕੰਪਨੀ ਨੇ ਵਿੱਤੀ ਸਾਲ 2023 ਦੀ ਦੂਜੀ ਤਿਮਾਹੀ ਅਤੇ ਪਹਿਲੀ ਛਿਮਾਹੀ ਵਿੱਚ ਕੰਪਨੀ ਨੇ ਸਕਾਰਾਤਮਕ ਪ੍ਰਦਰਸਨ ਕੀਤਾ। ਆਟੋਮੋਬਾਈਲ ਅਤੇ ਖਪਤ ਖੇਤਰਾਂ ਵਿੱਚ ਵਧਦੀ ਮੰਗ ਦੇ ਨਾਲ ਨਾਲ ਕੋਰ ਬਿਜਨੈਸ ਫੰਡਾਮੈਂਟਲ ‘ਤੇ ਧਿਆਨ ਕੇਂਦਰਿਤ ਕਰਨ ਤੋਂ ਮਹਿੰਗਾਈ ਦੇ ਦਬਾਅ ਦੇ ਬਾਵਜੂਦ ਸਾਰੇ ਕਾਰੋਬਾਰੀ ਖੇਤਰਾਂ ਵਿੱਚ ਤਸੱਲੀਬਖਸ ਪ੍ਰਦਰਸਨ ਕਰਨ ਦੇ ਯੋਗ ਰਹੇ।